pstcl

ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿ: ਦਫ਼ਤਰ: ਪੀ.ਐਸ.ਈ.ਬੀ.,ਹੈੱਡ ਆਫਿਸ, ਦੀ ਮਾਲ, ਪਟਿਆਲਾ-147001, ਪੰਜਾਬ, ਭਾਰਤ)
Corporate Identity Number: U40109PB2010SGC033814
ਦਫ:ਉੱਪ ਮੁੱਖ ਇੰਜੀ:/ ਐੱਚ ਆਰ ਅਤੇ ਪ੍ਰਬੰਧਕੀ, ਸ਼ਕਤੀ ਸਦਨ ਪਟਿਆਲਾ।

ਫੈਕਸ ਨੰ:- 0175-2220054 ਟੈਲੀਫੋਨ ਨੰ:- 0175-2970693 ਵੈਬਸਾਇਟ : pstcl.org

ਵੱਲ

1. ਪ੍ਰਮੁੱਖ ਇੰਜੀ:/ਟੀ.ਐਸ, ਪੀ.ਐਸ.ਟੀ.ਸੀ.ਐਲ, ਪਟਿਆਲਾ।
2. ਸੀਨੀ:ਕਾ:ਕਾ:ਇੰਜੀ:/ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ।
3. ਉੱਪ ਸਕੱਤਰ/ਅਮਲਾ, ਪੀ.ਐਸ.ਟੀ.ਸੀ.ਐਲ, ਪਟਿਆਲਾ।

ਮੀਮੋ ਨੰ: 2093/95 Sen./AEE/Civil/17 ਮਿਤੀ: 03/03/25

**ਵਿਸ਼ਾ:-** **ਪੀ.ਐਸ.ਟੀ.ਸੀ.ਐਲ, ਵੱਲੋਂ ਪਦ-ਉੱਨਤ ਕੀਤੇ ਸਹਾਇਕ ਕਾ:ਕਾ:ਇੰਜ:/ਸਿਵਲ ਅਧਿਕਾਰੀਆਂ ਦੀ ਸੋਧੀ ਟੈਨਟੇਟਿਵ ਸੀਨੀਆਰਤਾ ਸੂਚੀ ਤਿਆਰ ਕਰਨ ਸਬੰਧੀ ।**

**ਹਵਾਲਾ:-** **ਇਸ ਦਫਤਰ ਦਾ ਮੀਮੋ ਨੰ: 1731/33 ਮਿਤੀ: 20.02.2025**

ਪੀ.ਐਸ.ਟੀ.ਸੀ.ਐਲ. ਵੱਲੋ ਹਵਾਲੇ ਅਧੀਨ ਪੱਤਰ ਰਾਹੀਂ ਸਹਾਇਕ ਕਾ:ਕਾ:ਇੰਜ:/ਸਿਵਲ ਅਧਿਕਾਰੀਆਂ ਦੀ ਮਿਤੀ 01.12.2019 ਤੋਂ 31.01.2025 ਤੱਕ ਦੀ ਟੈਨਟੇਟਿਵ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਸੀ। ਹੁਣ ਪੀ.ਐਸ.ਟੀ.ਸੀ.ਐਲ ਵੱਲੋਂ ਇਹਨਾਂ ਸਹਾਇਕ ਕਾ:ਕਾ:ਇੰਜ:/ਸਿਵਲ ਅਧਿਕਾਰੀਆਂ ਦੀ ਸੋਧੀ ਟੈਨਟੇਟਿਵ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਹੈ। ਇਹਸ ਸੋਧੀ ਟੈਨਟੇਟਿਵ ਸੀਨੀਆਰਤਾ ਸੂਚੀ ਨੂੰ ਪੀ.ਐਸ.ਟੀ.ਸੀ.ਐਲ ਦੀ ਵੈਬਸਾਈਟ pstcl.org ਤੇ ਉਪਲੱਬਧ ਲਿੰਕ information>seniority list ਤੇ ਅਪਲੋਡ ਕਰਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੋਧੀ ਟੈਨਟੇਟਿਵ ਸੀਨੀਆਰਤਾ ਸੂਚੀ ਵਿੱਚ ਦਰਸਾਏ ਸਹਾਇਕ ਕਾ:ਕਾ:ਇੰਜ:/ਸਿਵਲ ਅਧਿਕਾਰੀਆਂ ਦੇ ਅਜ਼ਮਾਇਸ਼ੀ ਸਮੇਂ ਦੌਰਾਨ ਅਨੁਸ਼ਾਸਨੀ ਕੇਸਾਂ/ਕੰਮ ਅਤੇ ਵਿਵਹਾਰ ਸਬੰਧੀ ਰਿਪੋਰਟ ਆਪਣੇ ਪੱਧਰ ਤੇ ਤਸਦੀਕ ਕਰਦੇ ਹੋਏ ਜੇਕਰ ਕਿਸੇ ਅਧਿਕਾਰੀ ਸਬੰਧੀ ਕੋਈ ਕੇਸ/ਰਿਪੋਰਟ ਦਰਜ/ਪੈਂਡਿੰਗ ਹੈ ਤਾਂ ਸੂਚੀ ਜਾਰੀ ਹੋਣ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਇਸ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ।

ਇਹ ਸੋਧੀ ਟੈਨਟੇਟਿਵ ਸੀਨੀਆਰਤਾ ਸੂਚੀ ਸਾਰੇ ਸਬੰਧਤ ਅਧਿਕਾਰੀਆਂ ਤੋਂ ਨੋਟ ਕਰਵਾ ਲਈ ਜਾਵੇ। ਜੇਕਰ ਕੋਈ ਅਧਿਕਾਰੀ ਇਹ ਅਨੁਭਵ ਕਰੇ ਕਿ ਉਸ ਨੂੰ ਸੀਨੀਆਰਤਾ ਨੰਬਰ ਸਹੀ ਅਲਾਟ ਨਹੀਂ ਕੀਤਾ ਗਿਆ ਜਾਂ ਕਿਸੇ ਸਬੰਧਤ ਅਧਿਕਾਰੀ ਦਾ ਨਾਮ ਇਸ ਸੋਧੀ ਸੀਨੀਆਰਤਾ ਸੂਚੀ ਵਿੱਚ ਦਰਜ ਹੋਣ ਤੋ ਰਹਿ ਗਿਆ ਹੋਵੇ ਜਾਂ ਕਿਸੇ ਅਧਿਕਾਰੀ ਦੇ ਸੇਵਾ ਵੇਰਵੇ ਗਲਤ ਹੋਣ ਤਾਂ ਉਹ ਇਸ ਸਬੰਧੀ ਆਪਣੀ ਪ੍ਰਤੀਬੇਨਤੀ, ਸੂਚੀ ਜਾਰੀ ਹੋਣ ਦੀ ਮਿਤੀ ਤੋ ਇੱਕ ਮਹੀਨੇ ਦੇ ਅੰਦਰ-ਅੰਦਰ ਸਬੰਧਤ ਦਫ਼ਤਰ ਰਾਹੀਂ ਇਸ ਦਫ਼ਤਰ ਨੂੰ ਭੇਜਣ ਦੀ ਖੇਚਲ ਕਰੇ। ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਮਿੱਥੇ ਸਮੇਂ ਤੋਂ ਬਾਅਦ ਪ੍ਰਾਪਤ ਹੋਣ ਵਾਲੀ ਕਿਸੇ ਵੀ ਪ੍ਰਤੀ ਬੇਨਤੀ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ ਅਤੇ ਕੋਈ ਵੀ ਤਬਦੀਲੀ ਨਾ ਹੋਣ ਦੀ ਸੂਰਤ ਵਿੱਚ ਇਹ ਸੋਧੀ ਸੀਨੀਆਰਤਾ ਸੂਚੀ ਖੁਦ-ਬ-ਖੁਦ ਪੂਰਨ ਅਤੇ ਸਹੀ ਸਮਝੀ ਜਾਵੇਗੀ ।

ਇਥੇ ਇਹ ਵੀ ਵਰਨਣ ਯੋਗ ਹੈ ਕਿ ਇਹ ਸੋਧੀ ਟੈਨਟੇਟਿਵ ਸੀਨੀਆਰਤਾ ਸੂਚੀ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਜਾਰੀ ਕੀਤੀ ਜਾਂਦੀ ਹੈ:-

(1) ਇਹ ਸੋਧੀ ਟੈਨਟੇਟਿਵ ਸੀਨੀਆਰਤਾ ਸੂਚੀ ਤੇ ਕੋਰਟ ਕੇਸਾਂ/ਵਿਭਾਗੀ ਪੜਤਾਲ ਦੇ ਫੈਸਲੇ, ਜੇ ਕਰ ਕੋਈ ਹੋਣ ਤਾਂ ਇੰਨ-ਬਿੰਨ ਲਾਗੂ ਹੋਣ ਯੋਗ ਹੋਣਗੇ।

(2) ਜੇਕਰ ਕਿਸੇ ਵੀ ਅਧਿਕਾਰੀ ਨੂੰ ਡੀਮ ਤਰੱਕੀ/ਜੂਨੀਅਰ ਕਰਮਚਾਰੀ ਤੋਂ ਉੱਪਰ ਸੀਨੀਆਰਤਾ ਦੀ ਬਹਾਲੀ ਹੁੰਦੀ ਹੈ ਤਾਂ ਉਸ ਮੁਤਾਬਿਕ ਉਸਦੀ ਇਸ ਸੋਧੀ ਸੀਨੀਆਰਤਾ ਵਿੱਚ ਸੋਧ ਕਰਨ ਯੋਗ ਹੋਵੇਗੀ।

(3) ਜੇਕਰ ਕਿਸੇ ਵੀ ਅਧਿਕਾਰੀ ਵੱਲੋਂ ਉਸ ਦਾ ਪਰਖ ਕਾਲ ਸਮਾਂ ਤੱਸਲੀ ਬਖਸ਼ ਪੂਰਾ ਨਹੀਂ ਕੀਤਾ ਜਾਂਦਾ ਤਾਂ ਉਸ ਮੁਤਾਬਿਕ ਇਸ ਸੋਧੀ ਸੀਨੀਆਰਤਾ ਸੂਚੀ ਵਿੱਚ ਸੋਧ ਕਰਨ ਯੋਗ ਹੋਵੇਗੀ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ ਜੀ।

ਨੱਥੀ/ ਸਹਾਇਕ ਕਾ:ਕਾ:ਇੰਜ:/ਸਿਵਲ ਦੀ
ਸੋਧੀ ਟੈਨਟੇਟਿਵ ਸੀਨੀਆਰਤਾ ਸੂਚੀ।

3/3/25

ਵਧੀਕ ਨਿਗ:ਇੰਜੀ:/ਟ੍ਰੇਨਿੰਗ ਸੈੱਲ,
ਪੀ.ਐਸ.ਟੀ.ਸੀ.ਐਲ,ਪਟਿਆਲਾ

Scanned with OKEN Scanner

## ਸਹਾਇਕ ਕਾ:ਕਾ:ਇੰਜ:/ਸਿਵਲ ਅਧਿਕਾਰੀਆਂ ਦੀ ਸੋਧੀ ਟੈਨਟੇਟਿਵ ਸੀਨੀਆਰਤਾ ਸੂਚੀ

(ਸਮਾਂ ਮਿਤੀ 01.12.19 ਤੋਂ 31.01.25 ਤੱਕ)

| ਲੜੀ ਨੰ: | ਅਧਿਕਾਰੀ ਦਾ ਨਾਂ | ਆਈ.ਡੀ. ਨੰ: | ਸੀਨੀ. ਨੰ: | ਜਨਮ ਦੀ ਮਿਤੀ | ਮੌਜੂਦਾ ਅਸਾਮੀ ਤੇ ਹਾਜਰ ਹੋਣ ਦੀ ਮਿਤੀ | ਸ੍ਰੇਣੀ | ਅਨੁਸ਼ਾਸਨੀ ਕੇਸਾਂ ਦੀ ਰਿਪੋਰਟ |
|---|---|---|---|---|---|---|---|
| 1 | ਲਖਬੀਰ ਸਿੰਘ | 502010 | 09 | 06.06.76 | 01.02.24 | ਜਨਰਲ | ਕੋਈ ਨਹੀਂ |
| **ਫੁੱਟ ਨੋਟ (ਅਨੁਸੂਚਿਤ ਜਾਤੀ ਕੋਟਾ)** | | | | | | | |
| ਹੇਠ ਲਿਖੇ ਅਨੁਸੂਚਿਤ ਜਾਤੀ ਨਾਲ ਸਬੰਧਤ ਅਧਿਕਾਰੀ ਨੂੰ ਪਰਸਪਰ ਸੀਨੀਆਰਤਾ ਉਨ੍ਹਾਂ ਦੇ ਜਨਰਲ ਕੈਟਾਗਿਰੀ ਦੇ ਸੀਨੀਅਰ ਅਧਿਕਾਰੀ ਤੋਂ ਸਹਾਇਕ ਕਾ:ਕਾ:ਇੰਜ:/ਸਿਵਲ ਪਦ-ਉੱਨਤ ਹੋਣ ਬਾਅਦ ਹੀ ਅਲਾਟ ਕੀਤੀ ਜਾਵੇਗੀ:- | | | | | | | |
| 2 | ਗੁਰਪ੍ਰੀਤ ਸਿੰਘ | 502011 | FN-02 | 31.10.87 | 30.01.24 | ਅ:ਜਾਤੀ | ਦੋ:ਸੂ:ਨ 205 ਮਿਤੀ 03.01.25 |

3/3/25

ਵਧੀਕ ਨਿਗ:ਇੰਜੀ:/ਟ੍ਰੇਨਿੰਗ ਸੈੱਲ,
ਪੀ.ਐਸ.ਟੀ.ਸੀ.ਐਲ,ਪਟਿਆਲਾ

Scanned with OKEN Scanner